ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨਿਸ਼ਾਂਤ ਕੁਮਾਰ ਯਾਦਵ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦੇ ਹੋਏ, ਨਾਲ ਮੌਜੂਦ ਪੁਲਿਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ। ਤਸਵੀਰ : ਗੁਰਿੰਦਰ ਸਿੰਘ

ਸੜਕ ਸੁਰੱਖਿਆ ਸੁਧਾਰ ਲਈ ਚੰਡੀਗੜ੍ਹ ਪ੍ਰਸ਼ਾਸਨ ਸਰਗਰਮ

ਡੀ. ਸੀ. ਨੇ ਵਿਭਾਗਾਂ ਨੂੰ ਤੁਰੰਤ ਕਾਰਵਾਈ ਦੇ ਦਿੱਤੇ ਹੁਕਮ

ਚੰਡੀਗੜ੍ਹ, 27 ਨਵੰਬਰ (ਸੰਦੀਪ ਕੁਮਾਰ ਮਾਹਨਾ)-ਡਿਪਟੀ ਕਮਿਸ਼ਨਰ ਨਿਸ਼ਾਂਤ ਕੁਮਾਰ ਯਾਦਵ ਦੀ ਅਗਵਾਈ ਹੇਠ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮਹੱਤਵਪੂਰਨ ਬੈਠਕ ਹੋਈ, ਜਿਸ 'ਚ ਟ੍ਰੈਫ਼ਿਕ ਸੁਰੱਖਿਆ ਨਾਲ ਜੁੜੇ ਮੁੱਖ ਮੁੱਦਿਆਂ ਦੀ ਸਮੀਖਿਆ ਕੀਤੀ ਗਈ। ਮੀਟਿੰਗ 'ਚ ਐਸ. ਐਸ. ਪੀ. (ਟ੍ਰੈਫ਼ਿਕ), ਐਸ. ਡੀ. ਐਮ., ਇੰਜੀਨੀਅਰਿੰਗ, ਸਿਹਤ, ਆਰਕੀਟੈਕਚਰ ਵਿਭਾਗ ਤੇ ਰਾਸ਼ਟਰੀ ਰਾਜ ਮਾਰਗ (ਐਨ. ਐਚ. ਏ. ਆਈ.) ਦੇ ਅਧਿਕਾਰੀ ਵੀ ਸ਼ਾਮਿਲ ਹੋਏ। ਡੀ. ਸੀ. ਨਿਸ਼ਾਂਤ ਕੁਮਾਰ ਯਾਦਵ ਨੇ ਸੰਬੰਧਿਤ ਵਿਭਾਗਾਂ ਵਲੋਂ ਹੁਣ ਤੱਕ ਲਾਗੂ ਕੀਤੀਆਂ ਗਤੀ-ਨਿਯੰਤ੍ਰਣ ਯੋਜਨਾਵਾਂ ਅਤੇ ਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੜਕ ਸੰਕੇਤਾਂ ਦੇ ਅੱਪਡੇਟ ਕਰਨ ਦੇ ਕੰਮ 'ਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਇੰਜੀਨੀਅਰਿੰਗ ਵਿਭਾਗ ਨੂੰ ਸੜਕਾਂ ਦੇ ਨਾਲ ਲੱਗੀਆਂ ਕਰਬਾਂ ਨੂੰ ਉੱਚਾ ਕਰਨ ਦੇ ਕਾਰਜ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਕਿਹਾ। ਨਾਲ ਹੀ ਇੰਜੀਨੀਅਰਿੰਗ ਵਿਭਾਗ ਨੂੰ ਹਰ ਮਹੱਤਵਪੂਰਨ ਲਾਈਟ ਪੁਆਇੰਟ 'ਤੇ ਜ਼ੈਬਰਾ ਕਰਾਸਿੰਗਾਂ ਦੀ ਮੁੜ ਨਿਸ਼ਾਨਦੇਹੀ ਕਰਨ ਤੇ ਸੜਕਾਂ ਦੇ ਨਾਲ-ਨਾਲ ਰੁੱਖਾਂ ਦੀ ਤੁਰੰਤ ਛਾਂਟੀ ਕਰਕੇ ਦਿੱਖ ਸੁਧਾਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਡੀ. ਸੀ. ਨੇ ਐਸ. ਡੀ. ਐਮ. (ਸੈਂਟਰਲ) ਨੂੰ ਪੰਜਾਬ ਇੰਜੀਨੀਅਰਿੰਗ ਕਾਲਜ (ਪੈਕ) ਤੋਂ ਖੁੱਡਾ ਅਲੀ ਸ਼ੇਰ ਤੇ ਪੀ. ਜੀ. ਆਈ. ਤੋਂ ਖੁੱਡਾ ਲਾਹੌਰਾ ਰੂਟ ਤੱਕ ਵਿਸ਼ੇਸ਼ ਅਣਅਧਿਕਾਰਤ ਕਬਜ਼ਾ-ਵਿਰੋਧੀ ਮੁਹਿੰਮ ਚਲਾਉਣ ਲਈ ਕਿਹਾ। ਉਨ੍ਹਾਂ ਨੇ ਅਣਅਧਿਕਾਰਤ ਰੇਹੜੀ-ਫੜੀ ਵਾਲਿਆਂ ਨੂੰ ਹਟਾਉਣ ਤੇ ਸਿਵਲ ਡਿਫੈਂਸ ਵਲੰਟੀਅਰਾਂ ਨੂੰ ਰਣਨੀਤਕ ਢੰਗ ਨਾਲ ਤਾਇਨਾਤੀ ਕਰਨ ਦੇ ਹੁਕਮ ਦਿੱਤੇ ਤਾਂ ਜੋ ਅਣਅਧਿਕਾਰਤ ਵਿਕਰੇਤਾ ਦੁਬਾਰਾ ਵਾਪਸ ਨਾ ਆ ਸਕਣ, ਪੈਦਲ ਯਾਤਰੀਆਂ ਤੇ ਵਾਹਨਾਂ ਦੀ ਆਵਾਜਾਈ ਨੂੰ ਸੁਚਾਰੂ ਰੱਖਿਆ ਜਾ ਸਕੇ, ਟ੍ਰੈਫ਼ਿਕ ਪੁਲਿਸ ਨੂੰ ਜਾਮ ਪ੍ਰਬੰਧਨ ਵਿਚ ਸਹਿਯੋਗ ਮਿਲੇ ਤੇ ਲਾਗੂ ਕਰਨ ਦੌਰਾਨ ਪ੍ਰਭਾਵਸ਼ਾਲੀ ਤਾਲਮੇਲ ਬਣਾਇਆ ਜਾ ਸਕੇ। ਇਸ ਨਾਲ ਸੜਕਾਂ 'ਤੇ ਬੇਰੋਕ-ਟੋਕ ਆਵਾਜਾਈ ਸੁਨਿਸ਼ਚਿਤ ਕਰਨ ਵਿਚ ਮਦਦ ਮਿਲੇਗੀ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਦਸੰਬਰ ਦੇ ਆਖ਼ਰ ਤੱਕ ਟ੍ਰੈਫ਼ਿਕ ਪੁਲਿਸ ਸਹਾਇਤਾ ਬੂਥ ਦੇ ਨਿਰਮਾਣ ਦਾ ਕੰਮ ਪੂਰਾ ਕਰਨ ਦੇ ਨਿਰਦੇਸ਼ ਵੀ ਦਿੱਤੇ। ਸਿਹਤ ਵਿਭਾਗ ਦੇ ਅਧਿਕਾਰੀ ਨੂੰ ਦੁਰਘਟਨਾ ਸਮੇਂ ਤੁਰੰਤ ਮਦਦ ਲਈ ਐਮਰਜੈਂਸੀ ਯੰਤਰ (ਈਦਾਰਾ) ਪ੍ਰਣਾਲੀ ਨੂੰ ਜਲਦੀ ਲਾਗੂ ਕਰਨ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰਣਾਲੀ ਐਕਸੀਡੈਂਟ ਸਥਾਨਾਂ 'ਤੇ ਤੁਰੰਤ ਡਾਕਟਰੀ ਸਹਾਇਤਾ, ਐਂਬੂਲੈਂਸਾਂ ਨਾਲ ਬਿਹਤਰ ਤਾਲਮੇਲ ਤੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਨੂੰ ਯਕੀਨੀ ਬਣਾਉਣ ਵਿਚ ਮਦਦਗਾਰ ਹੋਵੇਗੀ।

ਪੰਜਾਬ ਇੰਜੀਨੀਅਰਿੰਗ ਕਾਲਜ (ਪੈਕ) ਤੋਂ ਖੁੱਡਾ ਅਲੀ ਸ਼ੇਰ ਅਤੇ ਪੀ. ਜੀ. ਆਈ. ਤੋਂ ਖੁੱਡਾ ਲਾਹੌਰਾ ਰੂਟ ਤੱਕ ਵਿਸ਼ੇਸ਼ ਅਣਅਧਿਕਾਰਤ ਕਬਜ਼ਾ-ਵਿਰੋਧੀ ਮੁਹਿੰਮ ਚਲਾਉਣ ਦੇ ਦਿੱਤੇ ਨਿਰਦੇਸ਼

-ਤਿੰਨ ਸ਼ਹਿਰਾਂ ਨੂੰ ਪਵਿੱਤਰ ਸ਼ਹਿਰ ਐਲਾਨਣ ਦਾ ਮਾਮਲਾ-

ਸਰਕਾਰ ਵਲੋਂ ਨੋਟੀਫਿਕੇਸ਼ਨ ਕਰਨ ਉਪਰੰਤ ਦੂਰ ਹੋ ਜਾਣਗੇ ਸਾਰੇ ਸ਼ੰਕੇ-ਸਪੀਕਰ ਸੰਧਵਾ

ਸਪੀਕਰ ਤੇ ਕੈਬਨਿਟ ਮੰਤਰੀਆਂ ਵਲੋਂ ਪੰਜਾਬ ਐਮ. ਐਲ. ਏ. ਹੋਸਟਲ ਦੇ ਪਹਿਲੇ ਜਿੰਮ ਤੇ ਵੈਲਨੈਸ ਸੈਂਟਰ ਦਾ ਉਦਘਾਟਨ

ਚੰਡੀਗੜ੍ਹ, 27 ਨਵੰਬਰ (ਵਿਕਰਮਜੀਤ ਸਿੰਘ ਮਾਨ)-ਪੰਜਾਬ ਸਰਕਾਰ ਵਲੋਂ ਪਿਛਲੇ ਦਿਨੀ ਸ੍ਰੀ ਅਨੰਦਪੁਰ ਸਾਹਿਬ ਰੱਖੇ ਗਏ ਇਕ ਦਿਨ ਵਿਸ਼ੇਸ਼ ਇਜਲਾਸ ਮੌਕੇ ਸ੍ਰੀ ਅੰਮ੍ਰਿਤਸਰ (ਅੰਦਰੂਨੀ ਸ਼ਹਿਰ) ਸਮੇਤ ਤਿੰਨ ਸ਼ਹਿਰਾਂ ਨੂੰ ਪਵਿੱਤਰ ਸ਼ਹਿਰ ਐਲਾਨਣ ਦਾ ਮਤਾ ਪਾਸ ਕੀਤਾ ਗਿਆ ਸੀ ਜਿਸ ਮਗਰੋਂ ਇਸ ਗੱਲ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਸੀ ਕਿ ਪੂਰਾ ਅੰਮ੍ਰਿਤਸਰ ਸ਼ਹਿਰ ਪਵਿੱਤਰ ਬਣਾਇਆ ਜਾਵੇਗਾ ਜਾ ਸਿਰਫ ਗਲਿਆਰਾ। ਇਸ ਮਾਮਲੇ 'ਚ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੌਰਾਨ ਕਿਹਾ ਕਿ ਸਰਕਾਰ ਵਲੋਂ ਇਸ ਸੰਬੰਧੀ ਨੋਟੀਫਿਕੇਸ਼ਨ ਹੋਣ 'ਤੇ ਸਾਰੇ ਸ਼ੰਕੇ ਦੂਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਨੋਟੀਫਿਕੇਸ਼ਨ ਉਪਰੰਤ ਸਾਰੀਆਂ ਨੂੰ ਇਸ ਸੰਬੰਧੀ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ। ਉਹ ਇਥੇ ਸੈਕਟਰ-4 ਸਥਿਤ ਐਮ. ਐਲ. ਏ. ਹੋਸਟਲ ਵਿਖੇ ਆਪਣੀ ਕਿਸਮ ਦੇ ਪਹਿਲੇ ਜਿੰਮ ਤੇ ਵੈਲਨੈਸ ਸੈਂਟਰ ਦਾ ਉਦਘਾਟਨ ਕਰਨ ਪਹੁੰਚੇ ਹੋਏ ਸਨ। ਇਸ ਮੌਕੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਕੈਬਨਿਟ ਮੰਤਰੀ ਤੇ ਪੰਜਾਬ 'ਆਪ' ਪ੍ਰਧਾਨ ਅਮਨ ਅਰੋੜਾ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੀ ਮੌਜੂਦ ਸਨ। ਸਪੀਕਰ ਸੰਧਵਾਂ ਨੇ ਕਿਹਾ ਕਿ ਇਹ ਵਿਲੱਖਣ ਕਦਮ ਵਿਧਾਇਕਾਂ ਨੂੰ ਸਿਹਤਮੰਦ ਅਤੇ ਤੰਦਰੁਸਤ ਰਹਿਣ ਵਿਚ ਮਦਦ ਕਰੇਗਾ। ਦੱਸਣਯੋਗ ਹੈ ਕਿ ਇਹ ਕਿਸੇ ਵੀ ਐਮ. ਐਲ. ਏ. ਹੋਸਟਲ 'ਚ ਅਜਿਹੀ ਪਹਿਲੀ ਵਿਆਪਕ ਵੈਲਨੈਸ ਸੈੱਟਅੱਪ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸਰਕਾਰ ਸਿਹਤ ਤੇ ਤੰਦਰੁਸਤੀ ਨੂੰ ਉੱਚ ਤਰਜੀਹ ਦਿੰਦੀ ਹੈ ਅਤੇ ਉਨ੍ਹਾਂ ਸਾਰੇ ਵਿਧਾਇਕਾਂ ਨੂੰ ਇਸ ਆਧੁਨਿਕ ਸਹੂਲਤ ਦੀ ਨਿਯਮਤ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ।

ਪੰਜਾਬ ਵਿਧਾਨ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਪੰਜਾਬ ਐਮ. ਐਲ. ਏ. ਹੋਸਟਲ ਸੈਕਟਰ-4 ਵਿਖੇ ਆਧੁਨਿਕ ਜਿੰਮ ਦਾ ਉਦਘਾਟਨ ਕਰਦੇ ਹੋਏ। ਅਜੀਤ ਤਸਵੀਰ

ਚੰਡੀਗੜ੍ਹ 'ਚ ਐਸ. ਆਈ. ਈ. ਸੀ. ਸਟਾਫ ਐਸੋਸੀਏਸ਼ਨ ਵਲੋਂ ਗੇਟ ਰੈਲੀ

ਚੰਡੀਗੜ੍ਹ, 27 ਨਵੰਬਰ (ਅਜਾਇਬ ਸਿੰਘ ਔਜਲਾ)-ਇਥੇ ਪੀ. ਐਸ. ਆਈ. ਈ. ਸੀ. ਸਟਾਫ਼ ਐਸੋਸੀਏਸ਼ਨ ਵਲੋਂ ਸੈਕਟਰ-17 ਉਦਯੋਗ ਭਵਨ ਚੰਡੀਗੜ੍ਹ ਵਿਖੇ ਸਮੂਹ ਮੁਲਾਜ਼ਮਾਂ ਨਾਲ ਗੇਟ ਰੈਲੀ ਕੀਤੀ। ਨਿਗਮ ਦੇ ਮੁਲਾਜ਼ਮਾਂ ਨੇ ਗੇਟ ਮੀਟਿੰਗ 'ਚ ਭਰਵੀਂ ਸ਼ਮੂਲੀਅਤ ਕਰਦਿਆਂ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵਲੋਂ ਅਸਟੇਟ ਵਿੰਗ ਨਾਲ ਸੰਬੰਧਿਤ ਤਿੰਨ ਪਾਲਿਸੀਆਂ ਲਿਆ ਕੇ ਨਿਗਮ ਨੂੰ ਆਉਣ ਵਾਲੇ ਮਾਲੀਏ ਨੂੰ ਸਰਕਾਰ ਦੇ ਖ਼ਜ਼ਾਨੇ 'ਚ ਤਬਦੀਲ ਕੀਤਾ ਅਤੇ ਦੋਸ਼ ਲਾਇਆ ਕਿ ਨਿਗਮ ਦੇ 243 ਕਰੋੜ ਦੇ ਫ਼ੰਡ ਨੂੰ ਵੀ ਸਰਕਾਰ ਦੇ ਖ਼ਜ਼ਾਨੇ ਵਿਚ ਤਬਦੀਲ ਕਰ ਦਿੱਤਾ, ਜਿਸ ਨਾਲ ਨਿਗਮ ਨੂੰ ਵੱਡਾ ਵਿੱਤੀ ਘਾਟਾ ਸਰਕਾਰ ਵਲੋਂ ਦਿੱਤਾ ਗਿਆ। ਨਿਗਮ ਨੂੰ ਵਿੱਤੀ ਸੰਕਟ ਤੋਂ ਬਚਾਉਣ ਲਈ ਅਤੇ ਨਿੱਜੀਕਰਨ ਵੱਲ ਧੱਕਣ ਤੋਂ ਰੋਕਣ ਲਈ 2 ਦਸੰਬਰ ਨੂੰ ਰੱਖੀ ਗਈ ਸੂਬਾ ਪੱਧਰੀ ਰੈਲੀ ਦੇ ਸੰਬੰਧ 'ਚ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਵਲੋਂ ਨਿਗਮ ਦੇ ਪ੍ਰਬੰਧਕ ਨਿਰਦੇਸ਼ਕ ਤੇ ਉਦਯੋਗ ਮੰਤਰੀ ਖ਼ਿਲਾਫ਼ ਵੀ ਨਾਅਰੇਬਾਜ਼ੀ ਕੀਤੀ ਗਈ। ਮੁਲਾਜ਼ਮ ਦੀਆਂ ਜਾਇਜ਼ ਮੰਗਾਂ ਨੂੰ ਲੰਮੇ ਸਮੇਂ ਤੋਂ ਲਟਕਾਇਆ ਜਾ ਰਿਹਾ ਹੈ। ਜਥੇਬੰਦੀ ਦੇ ਪ੍ਰਧਾਨ ਦੀਪਾ ਰਾਮ ਨੇ ਕਿਹਾ ਕਿ ਅੱਜ ਦੀ ਮੀਟਿੰਗ 'ਚ ਹਰਕੇਸ਼ ਰਾਣਾ ਜਨਰਲ ਸਕੱਤਰ ਸੀਟੂ ਮੋਹਾਲੀ, ਬਲਵੰਤ ਸਿੰਘ, ਰਣਦੀਪ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਪ੍ਰਕਾਸ਼ ਮੋਹਾਲੀ, ਵਿਸਾਲ ਆਦਿ ਵੀ ਸ਼ਾਮਿਲ ਹੋਏ।

ਦਰੱਖਤਾਂ ਦੀ ਬੋਲੀ

ਗਰਾਮ ਪੰਚਾਇਤ ਚਾਉਮਾਜਰਾ, ਬਲਾਕ ਐਸ.ਏ.ਐਸ. ਨਗਰ (ਮੁਹਾਲੀ) ਦੀ ਮਲਕੀਅਤੀ ਜ਼ਮੀਨ ਵਿਚ ਖੜ੍ਹੀਆਂ 17 ਪਹਾੜੀ ਕਿੱਕਰਾਂ ਅਤੇ ਦੋ ਨਿੰਮਾਂ ਦੀ ਖੁੱਲ੍ਹੀ ਬੋਲੀ 8.12.2025 ਦਿਨ ਸੋਮਵਾਰ ਨੂੰ ਸਵੇਰੇ 11.00 ਵਜੇ ਸਰਕਾਰੀ ਪ੍ਰਾਇਮਰੀ ਸਕੂਲ ਚਾਉਮਾਜਰਾ ਵਿਖੇ ਹੋਵੇਗੀ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਵਲੋਂ : ਸਰਪੰਚ ਤੇ ਸਮੂਹ ਮੈਂਬਰਾਨ।

ਸਕਿਉਰਿਟੀ ਗਾਰਡ ਦੀ ਲੋੜ

ਅਦਾਰਾ 'ਅਜੀਤ' ਨੂੰ ਮੋਹਾਲੀ ਪ੍ਰੈੱਸ ਵਿਖੇ ਸਕਿਉਰਿਟੀ ਗਾਰਡਾਂ ਦੀ ਲੋੜ ਹੈ। ਯੋਗਤਾ : ਘੱਟ ਤੋਂ ਘੱਟ +2 ਪਾਸ ਹੋਵੇ। ਤਜਰਬੇਕਾਰ ਅਤੇ ਲੋਕਲ ਨੂੰ ਪਹਿਲ। ਉਮੀਦਵਾਰ ਆਪਣਾ ਬਾਇਓਡਾਟਾ ਤੇ ਤਸਵੀਰ ਸਮੇਤ ਹੇਠ ਲਿਖੇ ਪਤੇ 'ਤੇ ਪਹੁੰਚਾਉਣ।

ਜਨਰਲ ਮੈਨੇਜਰ
'ਅਜੀਤ' ਪ੍ਰਕਾਸ਼ਨ ਸਮੂਹ,
ਨਹਿਰੂ ਗਾਰਡਨ ਰੋਡ, ਜਲੰਧਰ।
Email: ajit@ajitjalandhar.com
Mob. 94172-20400

ਪਛਾਣ ਲਈ ਅਪੀਲ



ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਅਣਪਛਾਤਾ ਪੁਰਸ਼ ਉਮਰ 70 ਸਾਲ, ਕੱਦ 5'-8" ਇੰਚ ਰੰਗ ਕਣਕਵੰਨਾ ਅਤੇ ਲਾਲ ਰੰਗ ਦਾ ਅਪਰ ਜਿਸ ਉਪਰ 'ਸੀ ਕੇ' ਲਿਖਿਆ, ਸਫੇਦ ਧਾਰੀਦਾਰ ਸ਼ਰਟ ਅਤੇ ਨੀਲੇ ਰੰਗ ਦੀ ਪੈਂਟ ਪਹਿਨੇ ਹੋਏ, ਖੱਬੇ ਪਾਸੇ ਹੱਥ 'ਤੇ ਸਰਜਰੀ ਨਿਸ਼ਾਨ ਹੈ। ਮਿਤੀ 18.11.2025 ਨੂੰ ਸੂਚਨਾ ਪ੍ਰਾਪਤ ਹੋਈ ਕਿ ਇਕ ਵਿਅਕਤੀ ਜੋ ਅਣਪਛਾਤਾ ਹੈ, ਨੂੰ ਸੀ ਆਰ ਨੰ: 251109925 ਦੁਆਰਾ ਜੀ ਐਮ ਸੀ ਐਚ-32 ਚੰਡੀਗੜ੍ਹ ਵਿਚ ਦਾਖਲ ਕਰਵਾਇਆ ਗਿਆ ਹੈ। ਇਸ ਸੰਬੰਧੀ ਇਕ ਡੀ ਡੀ ਆਰ ਨੰ: 15 ਮਿਤੀ 18.11.2025 ਧਾਰਾ 194 ਬੀ ਐਨ ਐਸ ਐਸ ਅਧੀਨ ਪੁਲਿਸ ਪੋਸਟ ਪੀ ਪੀ ਬੀ ਡੀ ਸੀ ਸੈਕਟਰ-26 ਚੰਡੀਗੜ੍ਹ ਵਿਚ ਦਰਜ ਕੀਤੀ ਗਈ ਹੈ। ਮ੍ਰਿਤਕ ਦੇ ਕਾਨੂੰਨੀ ਵਾਰਸਾਂ ਬਾਰੇ ਕੁਝ ਪਤਾ ਨਹੀਂ। ਉਸ ਦੀ ਫੋਟੋ ਉੱਪਰ ਦਿੱਤੀ ਗਈ ਹੈ।

ਮ੍ਰਿਤਕ ਦੇ ਬਹੁ-ਟਿਕਾਣੇ ਸੰਬੰਧੀ ਕਿਸੇ ਸੁਰਾਗ ਦੇ ਮਾਮਲੇ ਵਿਚ ਕ੍ਰਿਪਾ ਕਰਕੇ ਪੁਲਿਸ ਪੋਸਟ, ਬੀ ਡੀ ਸੀ ਚੰਡੀਗੜ੍ਹ ਨੂੰ ਫੋਨ ਨੰ: 0172-2750037, ਪੁਲਿਸ ਸਟੇਸ਼ਨ ਸੈਕਟਰ-26 ਨੂੰ ਫੋਨ ਨੰ: 0172-2750049, 2790594, ਐਸ ਐਚ ਓ ਪੁਲਿਸ ਸਟੇਸ਼ਨ-26, ਚੰਡੀਗੜ੍ਹ ਨੂੰ ਮੋਬਾਈਲ ਨੰ: 97795-80926 ਜਾਂ ਪੁਲਿਸ ਕੰਟਰੋਲ ਫੋਨ ਨੰ: 0172-2749194 ਜਾਂ 112 'ਤੇ ਸੂਚਿਤ ਕਰੋ।

ਚੰਡੀਗੜ੍ਹ ਪੁਲਿਸ।

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਖਰੜ।

ਪ੍ਰਾਰਥੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਵਾਸੀ ਦੁਸਾਰਨਾ ਖੇਵਟਦਾਰ ਪਿੰਡ ਨੰਗਲ ਤਹਿਸੀਲ ਖਰੜ ਜ਼ਿਲ੍ਹਾ ਐਸ.ਏ.ਐਸ. ਨਗਰ ਨੇ ਇਕ ਦਰਖਾਸਤ ਮਿਤੀ 19.11.2025 ਨੂੰ ਪੇਸ਼ ਕਰਕੇ ਬੇਨਤੀ ਕੀਤੀ ਹੈ, ਜਿਸ ਅਨੁਸਾਰ ਰਿਕਾਰਡ ਮਾਲ ਵਿਚ ਪ੍ਰਾਰਥੀ ਬਲਵਿੰਦਰ ਸਿੰਘ ਦੀ ਮਾਤਾ ਦਾ ਨਾਂਅ ਸਮਸੇਰ ਕੌਰ ਚੱਲ ਰਿਹਾ ਹੈ, ਜਦੋਂ ਕਿ ਉਸ ਦਾ ਅਸਲ ਘਰੇਲੂ ਨਾਂਅ ਸੇਰ ਕੌਰ ਪੁੱਤਰੀ ਹਜ਼ਾਰਾ ਸਿੰਘ (ਪਤਨੀ ਅਜੀਤ ਸਿੰਘ ਪੁੱਤਰ ਨਰੰਜਣ ਸਿੰਘ) ਚੱਲ ਰਿਹਾ ਹੈ। ਪ੍ਰਾਰਥੀ ਦੀ ਮਾਤਾ ਸਮਸੇਰ ਕੌਰ ਦੀ ਮੌਤ ਮਿਤੀ 20.7.1977 ਨੂੰ ਹੋ ਚੁੱਕੀ ਹੈ। ਇਸ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਕਾਰਡ ਮਾਲ ਵਿਚ ਵੀ ਪ੍ਰਾਰਥੀ ਨੇ ਆਪਣੀ ਮਾਤਾ ਦਾ ਨਾਂਅ ਸਮਸੇਰ ਕੌਰ ਉਰਫ ਸੇਰ ਕੌਰ ਪੁੱਤਰੀ ਹਜ਼ਾਰਾ ਸਿੰਘ (ਪਤਨੀ ਅਜੀਤ ਸਿੰਘ ਪੁੱਤਰ ਨਰੰਜਣ ਸਿੰਘ) ਵਾਸੀ ਦੁਸਾਰਨਾ ਤਹਿਸੀਲ ਖਰੜ ਜ਼ਿਲ੍ਹਾ ਐਸ.ਏ.ਐਸ. ਨਗਰ ਕਰਾਉਣਾ ਹੈ। ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਪ੍ਰਾਰਥੀ ਦੀ ਮਾਤਾ ਦਾ ਨਾਂਅ ਸਮਸੇਰ ਕੌਰ ਉਰਫ ਸੇਰ ਕੌਰ ਪੁੱਤਰੀ ਹਜ਼ਾਰਾ ਸਿੰਘ (ਪਤਨੀ ਅਜੀਤ ਸਿੰਘ ਪੁੱਤਰ ਨਰੰਜਣ ਸਿੰਘ) ਵਾਸੀ ਦੁਸਾਰਨਾ ਖੇਵਟਦਾਰ ਪਿੰਡ ਨੰਗਲ ਤਹਿਸੀਲ ਖਰੜ ਜ਼ਿਲ੍ਹਾ ਐਸ.ਏ.ਐਸ. ਨਗਰ ਤਬਦੀਲ ਕਰਨ ਵਿਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿਚ ਪੇਸ਼ ਹੋ ਕੇ ਕਰ ਸਕਦਾ ਹੈ। ਬਾਅਦ ਵਿਚ ਪ੍ਰਾਪਤ ਹੋਏ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਸਹੀ/-, ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ ਦਰਜਾ ਪਹਿਲਾ, ਖਰੜ (ਮੋਹਾਲੀ)

No. 620-21/RI
ਮਿਤੀ : 27.11.2025

ਲੇਬਰ ਕੋਡ ਲਾਗੂ ਹੋਏ

ਮੋਦੀ ਸਰਕਾਰ ਦੀ ਗਾਰੰਟੀ
ਆਈ ਟੀ ਸੈਕਟਰ ਲਈ

- ਫਿਕਸਡ-ਟਰਮ ਕਰਮਚਾਰੀਆਂ ਨੂੰ ਸਥਾਈ ਕਰਮਚਾਰੀਆਂ ਦੇ ਬਰਾਬਰ ਲਾਭ ਮਿਲਣਗੇ, ਸੇਵਾ ਦੇ ਇਕ ਸਾਲ ਤੋਂ ਬਾਅਦ ਹੀ ਗ੍ਰੈਚੁਟੀ
- ਕੈਲੰਡਰ ਸਾਲ ਵਿਚ ਕੰਮ ਦੇ 180 ਦਿਨਾਂ ਤੋਂ ਬਾਅਦ ਸਾਲਾਨਾ ਕਮਾਊ ਛੁੱਟੀ ਦੀ ਵਿਵਸਥਾ
- ਸਾਰੇ ਵਰਕਰਾਂ ਲਈ ਨਿਯੁਕਤੀ ਪੱਤਰ ਲਾਜ਼ਮੀ
- ਹਰ ਮਹੀਨੇ ਦੀ 7 ਤਰੀਕ ਤੱਕ ਤਨਖਾਹ ਦੀ ਅਦਾਇਗੀ ਲਾਜ਼ਮੀ
- ਮਹਿਲਾਵਾਂ ਨੂੰ ਸਹਿਮਤੀ ਨਾਲ ਰਾਤ ਸ਼